# Awareness Programme on ‘Disposal of Hazardous Domestic Waste’


ਅੱਜ ਦੀ ਆਵਾਜ਼

Page 8

28 Aug 2021


## ਐਚ.ਐਮ.ਵੀ. ਦੀ ਉੱਨਤ ਭਾਰਤ ਟੀਮ ਵੱਲੋਂ ਖਤਰਨਾਕ ਘਰੇਲੂ ਵੇਸਟ 'ਤੇ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ




**ਜਲੰਧਰ • ਰਮੇਸ਼ ਭਗਤ**

ਹੰਸਰਾਜ ਮਹਿਲਾ ਮਹਾਂਵਿਦਿਆਲਾ, ਜਲੰਧਰ ਦੀ ਉੱਨਤ ਭਾਰਤ ਟੀਮ ਵੱਲੋਂ ਪ੍ਰਿੰਸੀਪਲ ਪ੍ਰੋ. ਡਾ. ਅਜੇ ਸਰੀਨ ਦੀ ਦੇਖਰੇਖ ਹੇਠ ਨਗਰ ਨਿਗਮ ਜਲੰਧਰ ਦੇ ਸਹਿਯੋਗ ਨਾਲ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਕਮਿਊਨਿਟੀ ਫੈਸੀਲੀਟੇਟਰ ਸੁਸ਼੍ਰੀ ਰਮਨਪ੍ਰੀਤ ਕੌਰ ਨੇ ਖਤਰਨਾਕ ਘਰੇਲੂ ਕੂੜੇ ਬਾਰੇ ਦੱਸਿਆ। ਹੈਲਥ ਅਫਸਰ ਕ੍ਰਿਸ਼ਨ ਸ਼ਰਮਾ ਨੇ ਕਿਹਾ ਕਿ ਘਰੇਲੂ ਕੂੜੇ ਨੂੰ ਅਲੱਗ-ਅਲੱਗ ਸ਼੍ਰੇਣੀਆਂ ਵਿੱਚ ਵੰਡਣਾ ਬਹੁਤ ਜ਼ਰੂਰੀ ਹੈ ਜੋ ਕਿ ਆਪਣੇ ਆਸਪਾਸ ਨੂੰ ਸਾਫ ਰੱਖ ਕੇ ਹੀ ਕੀਤਾ ਜਾ ਸਕਦਾ ਹੈ। ਐਚ. ਐਮ.ਵੀ. ਦੀ ਉੱਨਤ ਭਾਰਤ ਅਭਿਆਨ ਦੀ ਇੰਚਾਰਜ ਡਾ. ਮੀਨਾਕਸ਼ੀ ਦੁੱਗਲ ਨੇ ਕਿਹਾ ਕਿ ਕਾਲਜ ਉੱਨਤ ਭਾਰਤ ਅਭਿਆਨ ਦੇ ਅਧੀਨ ਪਿੰਡਾਂ ਦੇ ਵਿਕਾਸ ਲਈ ਨਿਰੰਤਰ ਕੰਮ ਕਰ ਰਿਹਾ ਹੈ। ਟੀਮ ਦੀ ਮੈਂਬਰ ਸ਼ਿਫਾਲੀ ਕਸ਼ਿਅਪ ਨੇ ਕਿਹਾ ਕਿ ਸਾਨੂੰ ਸੈਨੇਟਰੀ ਵੇਸਟ ਨੂੰ ਵੇਸਟ ਕਾਗਜ ਵਿੱਚ ਲਪੇਟ ਕੇ ਹੀ ਸੁੱਟਣਾ ਚਾਹੀਦਾ ਹੈ। ਕਾਲਜ ਦੀਆਂ ਵਿਦਿਆਰਥਣਾਂ ਨੇ ਪਿੰਡਾਂ ਦੀਆਂ ਮਹਿਲਾਵਾਂ ਨੂੰ ਸੈਨੇਟਰੀ ਨੈਪਕਿਨ ਵੀ ਵੰਡੇ। ਪ੍ਰੋਗਰਾਮ ਦਾ ਸੰਚਾਲਨ ਬਾਟਨੀ ਵਿਭਾਗ ਮੁਖੀ ਡਾ. ਅੰਜਨਾ ਭਾਟੀਆ ਨੇ ਕੀਤਾ। ਉਨ੍ਹਾਂ ਨਾਲ ਲੰਬਾ ਪਿੰਡ ਤੋਂ ਸ਼੍ਰੀ ਕਿਰਨਦੀਪ ਸਿੰਘ ਰੰਧਾਵਾ, ਸ੍ਰੀ ਮਨਦੀਪ ਸਿੰਘ ਮੌਜੂਦ ਰਹੇ। ਪ੍ਰਿੰਸੀਪਲ ਪ੍ਰੋ. ਡਾ. (ਸ਼੍ਰੀਮਤੀ) ਅਜੇ ਸਰੀਨ ਨੇ ਉੱਨਤ ਭਾਰਤ ਅਭਿਆਨ ਦੇ ਯਤਨਾਂ ਦੀ ਸ਼ਲਾਘਾ ਕੀਤੀ।